Punjab Government Gazette

Published by Authority

No. 33] CHANDIGARH, FRIDAY, AUGUST 15, 2025 (SRAVANA 24, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-1 ਸ਼ਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ਼੍ਰੀ ਨਵੀਨ ਕੁਮਾਰ, ਪੀ.ਪੀ.ਐਸ. ਨੰ: ਪੀ.ਆਰ.ਟੀ./34, 316/ਪੀ.ਆਰ. ਕਪਤਾਨ ਪੁਲਿਸ ਦੀ ਪ੍ਰਤੀ ਬੇਨਤੀ ਮਿਤੀ 22.05.2025 ਅਤੇ ਇਸ ਸਬੰਧੀ ਡੀ.ਜੀ.ਪੀ, ਪੰਜਾਬ ਵੱਲੋਂ ਪੱਤਰ ਨੰ. 15447/ਖੁਫੀਆ ਗਸ-2(1), ਮਿਤੀ 18.07.2025 ਰਾਹੀਂ ਪ੍ਰਾਪਤ ਤਜਵੀਜ਼ ਦੇ ਸਨਮੁੱਖ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਵਿਚ ਦਰਜ ਉਪਬੰਧਾਂ ਦੀ ਰੌਸ਼ਨੀ ਵਿੱਚ, ਸਮਰੱਥ ਅਥਾਰਟੀ ਵੱਲੋਂ ਸਬੰਧਤ ਅਧਿਕਾਰੀ ਦਾ ਸਵੈ-ਇੱਛੁਕ ਸੇਵਾ-ਨਿਵਿਰਤੀ ਦਾ ਨੋਟਿਸ ਪ੍ਰਵਾਨ ਕਰਨ ਦਾ ਫੈਸਲਾ ਲਿਆ ਗਿਆ ਹੈ, ਇਸ ਲਈ ਸ਼੍ਰੀ ਨਵੀਨ ਕੁਮਾਰ, ਪੀ.ਪੀ.ਐਸ. ਨੰ: ਪੀ.ਆਰ.ਟੀ./34,316/ਪੀ.ਆਰ, ਕਪਤਾਨ ਪੁਲਿਸ ਨੂੰ ਮਿਤੀ 10.10.2025 ਤੋਂ ਸਵੈ-ਇੱਛੁਕ ਸੇਵਾ-ਨਿਵਿਰਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

2. ਇਨ੍ਹਾਂ ਹੁਕਮਾਂ ਦਾ ਸਬੰਧਤ ਅਧਿਕਾਰੀ ਵਿਰੁੱਧ ਲੰਬਿਤ ਵਿਭਾਗੀ/ਚੌਕਸੀ ਪੜਤਾਲ/ਫੌਜਦਾਰੀ/ਕੋਰਟ ਕੇਸ ਆਦਿ, ਜੇਕਰ ਕੋਈ ਹੋਵੇ, ਤੇ ਕੋਈ ਪ੍ਰਭਾਵ ਨਹੀਂ ਪਵੇਗਾ ਅਤੇ ਜੇਕਰ ਭਵਿੱਖ ਵਿੱਚ ਉਨ੍ਹਾਂ ਵਿਰੁੱਧ ਕਿਸੇ ਮਾਮਲੇ ਵਿੱਚ ਵਿਭਾਗੀ/ਚੌਕਸੀ ਪੜਤਾਲ/ਫੌਜਦਾਰੀ/ਕੋਰਟ ਕੇਸ ਆਦਿ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਕਰਨੀ ਬਣਦੀ ਹੋਵੇ, ਤਾਂ ਇਸ ਸਬੰਧੀ ਅਧਿਕਾਰ ਸਰਕਾਰ ਕੋਲ ਰਾਖਵੇਂ ਹੋਣਗੇ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਆਲੋਕ ਸ਼ੇਖਰ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 25 ਜੁਲਾਈ, 2025

3477/8-2025/Pb. Govt. Press, S.A.S. Nagar